ਸ਼ੇਖ ਫ਼ਰੀਦ - ਸਬਦ ੧੧੦

ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥

ਸਲੋਕ, ਗੁਰੂ ਅਰਜਨ, ਗੁਰੂ ਗ੍ਰੰਥ ਸਾਹਿਬ, ੧੩੮੩

ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥
ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ ॥੧੦੮॥

ਸਾਰ: ਅਸਲ ਸਰੂਪ ਆਪਣੀ ਸੰਪੂਰਨਤਾ ਵਿਚ ਆਪ ਹੀ ਵਿਦਮਾਨ ਹੁੰਦਾ ਹੈ। ਖੁਦਮੁਖਤਿਆਰੀ ਦੀ ਇਹ ਭਾਵਨਾ ਇਕਾਂਤ ਦੀ ਤਰਜ਼ਮਾਨੀ ਨਹੀਂ ਕਰਦੀ, ਸਗੋਂ ਇਹ ਅੰਤਰੀਵੀ ਸੰਪੂਰਨਤਾ ਨੂੰ ਦਰਸਾਉਂਦੀ ਹੈ ਜੋ ਪ੍ਰਮਾਣਿਕਤਾ, ਮਲਕੀਅਤ ਜਾਂ ਬਾਹਰੀ ਸਹਾਰੇ 'ਤੇ ਨਿਰਭਰ ਨਹੀਂ ਕਰਦੀ। ਇਹ ਸੁਤੰਤਰਤਾ ਮਨੁੱਖ ਦੇ ਧੁਰ ਅੰਦਰੋਂ ਉਭਰਦੀ ਹੈ, ਉਸ ਵਿਸ਼ਾਲ ਸਮੁੰਦਰ ਵਾਂਗ ਜਿਸ ਵਿਚ ਉਤਾਰ-ਚੜਾਅ ਤਾਂ ਆਉਂਦੇ ਹਨ, ਪਰ ਉਹ ਆਪਣੀ ਗਹਿਰਾਈ ਵਿਚ ਸ਼ਾਂਤ ਰਹਿੰਦਾ ਹੈ। ਲਹਿਰਾਂ ਦੇ ਤੇਜ਼ ਵਹਾਅ ਦੇ ਬਾਵਜੂਦ ਵੀ ਸਮੁੰਦਰ ਦੇ ਧੁਰ ਅੰਦਰ ਮੂਲ ਸਹਿਜਤਾ ਕਾਇਮ ਰਹਿੰਦੀ ਹੈ। ਇਸੇ ਤਰ੍ਹਾਂ, ਸੱਚਾ ਮਨੁੱਖ ਬਾਹਰੀ ਹਾਲਾਤਾਂ ਨਾਲ ਡੋਲਦਾ ਨਹੀਂ, ਸਗੋਂ ਆਪਣੇ ਅੰਦਰ ਹੀ ਤ੍ਰਿਪਤੀ ਅਤੇ ਸੰਪੂਰਨਤਾ ਦੀ ਭਾਲ ਕਰ ਲੈਂਦਾ ਹੈ।

ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥
ਹੇ ਫਰੀਦ ਪਿਆਰੀ ਚੇਤਨਾ ਜੀਵੰਤ, ਉੱਚੀ ਅਤੇ ਸਵੈ-ਨਿਰਭਰ ਹੁੰਦੀ ਹੈ। ਇਹ ਭਾਵ ਸੱਚੇ ਸਵੈ ਦੀ ਸੰਪੂਰਨ ਖੁਦਮੁਖਤਿਆਰੀ ਦੀ ਅਵਸਥਾ ਨੂੰ ਦਰਸਾਉਂਦਾ ਹੈ, ਜੋ ਬਾਹਰੀ ਪ੍ਰਭਾਵਾਂ 'ਤੇ ਨਿਰਭਰ ਕੀਤੇ ਬਿਨਾਂ ਵਧਦੀ-ਫੁੱਲਦੀ ਹੈ।

ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ ॥੧੦੮॥
ਸਰਵ ਵਿਆਪਕ ਚੇਤਨਾ ਨਾਲ ਜੁੜੇ ਰਹਿਣਾ ਹੀ ਇਕੋ ਇਕ ਪ੍ਰਮਾਣਿਕ ਸ਼ਿੰਗਾਰ ਹੈ। ਇਹ ਭਾਵ ਅਜਿਹੀ ਮਾਨਸਿਕਤਾ ਨੂੰ ਦਰਸਾਉਂਦਾ ਹੈ ਜੋ ਸੁਹਿਰਦਤਾ ਨਾਲ ਏਕਤਾ ਨੂੰ ਅਪਣਾਉਂਦੀ ਹੈ। (੧੦੮)

ਤੱਤ: ਗੁਰੂ ਅਰਜਨ, ਸ਼ੇਖ ਫ਼ਰੀਦ ਦੀ ਪੁਰਜ਼ੋਰ ਤਾਕੀਦ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਖੋਜ ਨਾਲੋਂ ਇਕ ਸਤਾ ਦੇ ਨਾਦ ਵਿਚ ਗੂੰਜਣਾ ਵਧੇਰੇ ਮਹੱਤਵਪੂਰਨ ਹੈ। ਉਹ ਸਮਝਾਉਂਦੇ ਹਨ ਕਿ ਅਸਲ ਸ਼ਿੰਗਾਰ ਕਿਸੇ ਬਾਹਰੀ ਦਿਖਾਵੇ ਜਾਂ ਸਮਾਜਿਕ ਪਹਿਚਾਣ ਵਿਚ ਨਹੀਂ ਸਗੋਂ ਉਸ ਸੱਚਾਈ ਵਿਚ ਰਮ ਜਾਣ

ਵਿਚ ਹੈ ਜੋ ਅਸਲ ਹੈ। ਇਹ ਪਰਿਪੇਖ ਇਕ ਅਜਿਹੀ ਮਨੋਬਿਰਤੀ ਦਾ ਉਭਾਰ ਕਰਦਾ ਹੈ ਜੋ ਪੂਰੇ ਸੁਹਜ ਨਾਲ ਏਕਤਾ ਅਤੇ ਅੰਤਰਸੰਬੰਧਿਤਾ ਨੂੰ ਕਲਾਵੇ ਵਿਚ ਲੈਂਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**